ਵਲੋਂ

ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
(ਤਕਨੀਕੀ ਸਿੱਖਿਆ ਵਿੰਗ),
ਪਲਾਟ ਨੰ 1, ਸੈਕਟਰ 36-ਏ, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ/ਸੈਕਸ਼ਨਿੰਗ ਅਥਾਰਟੀ
ਸਰਕਾਰੀ ਬਹੁਤਕਨੀਕੀ ਕਾਲਜ,
ਰਜਿਸਟਰਾਰ,

1. ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ
2. ਡਾ.ਬੀ.ਆਰ.ਅਬੇਦਕਰ, ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲੋਜੀ, ਜਲੰਧਰ
3. ਇੰਡੀਅਨ ਇੰਸਟੀਚਿਊਟ ਆਫ ਟੈਕਨੋਲੋਜੀ, ਰੋਪੜ
4. ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀ: ਐਂਡ ਟੈਕ:, ਲੌਂਗੋਵਾਲ, ਸੰਗਰੂਰ
5. ਥਾਪਰ ਯੂਨੀਵਰਸਿਟੀ, ਪਟਿਆਲਾ
6. ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।

ਮੀਮੋ ਨੰ: 52 ਮਿਤੀ: 24/1/2014

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਆਨ ਲਾਈਨ ਕਰਨ ਸਬੰਧੀ।

ਹਵਾਲਾ: ਉਪਰੋਕਤ ਵਿਸ਼ੇ ਤੇ।

ਇਹ ਦੱਸਿਆ ਜਾਂਦਾ ਹੈ ਕਿ ਭਲਾਈ ਵਿਭਾਗ ਪੰਜਾਬ, ਚੰਡੀਗੜ੍ਹ ਵੱਲੋਂ ਅਕਾਦਮਿਕ ਸੈਸ਼ਨ 2013-14 ਦੌਰਾਨ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਤਹਿਤ ਆਨ ਲਾਈਨ ਦਰਖਾਸਤਾ ਪ੍ਰਾਪਤ ਕਰਨ ਸਬੰਧੀ ਐਨ.ਆਈ.ਸੀ. ਦੁਆਰਾ ਤਿਆਰ ਕੀਤੇ ਵੈਬ-ਪੋਰਟਲ ਸਬੰਧੀ ਮਿਤੀ 22.1.2014 ਨੂੰ ਮੀਟਿੰਗ ਹੋਈ ਸੀ। ਮੀਟਿੰਗ ਵਿੱਚ ਲਏ ਫੈਸਲਿਆਂ ਦੇ ਸਨਮੁੱਖ ਹੇਠ ਦਰਸਾਏ ਅਨੁਸਾਰ ਕਾਰਵਾਈ ਕਰਨ ਉਪਰੰਤ ਇਸ ਦਫਤਰ ਨੂੰ ਤੁਰੰਤ ਸੂਚਨਾ ਮੁਹੱਈਆਂ ਕਰਵਾਈ ਜਾਵੇ:-

1. ਆਪਦੇ ਅਧੀਨ ਆਉਂਦੀਆਂ ਸੰਸਥਾਵਾਂ ਤੋਂ ਸਾਲ 2013-14 ਦੌਰਾਨ ਫੀਸਾਂ ਨਾ ਚਾਰਜ ਕਰਨ ਬਾਰੇ ਸੰਸਥਾਂ ਦੇ ਮੁੱਖੀ/ਪ੍ਰਿੰਸੀਪਲ ਵੱਲੋਂ Affidavit (original) ਲਿਆ ਜਾਵੇ। ਐਫੀਡੇਵਿਟ ਲੈਣ ਉਪਰੰਤ ਅਸਲ ਐਫੀਡੇਵਿਟ ਸੈਕਸਨਿੰਗ ਅਥਾਰਟੀ ਕੋਲ ਰਹੇਗਾ ਅਤੇ ਉਸਦੀ ਕਾਪੀ ਇਸ ਦਫਤਰ ਨੂੰ ਮਿਤੀ 5 ਫਰਵਰੀ 2014 ਤੱਕ ਭੇਜੀ ਜਾਵੇ ਅਤੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਸਾਲ 2013-14 ਦੀ ਅਦਾਇਗੀ ਪ੍ਰਿੰਸੀਪਲ ਵੱਲੋਂ ਦਿੱਤੇ ਜਾਣ ਵਾਲੇ ਐਫੀਡੇਵਿਟ ਦੇ ਆਧਾਰ ਤੇ ਹੀ ਹੋਵੇਗੀ।
2. ਸੰਸਥਾਵਾਂ ਨੂੰ ਇਹ ਹਦਾਇਤ ਕਰ ਦਿੱਤੀ ਜਾਵੇ ਕਿ ਸੰਸਥਾਂ ਵਿੱਚ ਦਾਖਲ ਹੋਏ ਐਸ.ਸੀ./ਓ.ਬੀ.ਸੀ. ਵਿਦਿਆਰਥੀਆਂ ਦੇ UID ਜਲਦੀ ਤੋਂ ਜਲਦੀ ਸਬੰਧਤ ਜਿਲ੍ਹੇ ਦੇ ਡਿਪਟੀ ਕਮਿਸਨਰ ਨਾਲ ਤਾਲ ਮੇਲ ਕਰਕੇ ਬਣਵਾ ਲਏ ਜਾਣ ਅਤੇ ਉਸਦੀ ਮੁਕੰਮਲ ਰਿਪੋਰਟ ਇਸ ਦਫਤਰ ਨੂੰ ਤੁਰੰਤ ਭੇਜੀ ਜਾਵੇ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੰਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਅਨੁਸੂਚਿਤ ਜਾਤੀਆ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਐਸ. ਸੀ. ਓ ਨੰ: 128-129 ਸੈਕਟਰ 34 -ਏ, ਚੰਡੀਗੜ ਨੂੰ ਵਿਸ਼ੇ ਅਧੀਨ ਮਾਮਲੇ ਵਿੱਚ ਮਿਤੀ 22.1.2014 ਨੂੰ ਹੋਈ ਮੀਟਿੰਗ ਵਿੱਚ ਲਏ ਫੈਸਲੇ ਦੇ ਸਨਮੁੱਖ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਪ੍ਰੋਗਰਾਮਰ, ਮੁੱਖ ਦਫਤਰ ਨੂੰ ਪੱਤਰ ਵਿਭਾਗ ਦੀ ਵੈੱਬ ਸਾਈਟ ਤੇ ਪਾਉਣ ਲਈ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ